# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 23 ਜਨਵਰੀ 2026 ਦਿਨ ਸ਼ੁੱਕਰਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਦੋਸ਼ੀ ਸੱਜਣ ਕੁਮਾਰ ਨੂੰ ਬਰੀ ਕਰਕੇ ਸਿੱਖਾਂ ਨੂੰ ਗ਼ੁਲਾਮੀ ਦਾ ਅਹਿਸਾਸ ਕਰਵਾਇਆ : ਰਣਜੀਤ ਸਿੰਘ ਦਮਦਮੀ ਟਕਸਾਲ



ਭਿੰਡਰਾਂਵਾਲਾ 23 ਜਨਵਰੀ : ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਨਵੰਬਰ 1984 ਸਿੱਖ ਨਸਲਕੁਸ਼ੀ ਦੇ ਮੁੱਖ ਦੋਸ਼ੀਆਂ ‘ਚ ਗਿਣੇ ਜਾਂਦੇ ਸੱਜਣ ਕੁਮਾਰ ਨੂੰ ਅੱਜ ਇੱਕ ਕੇਸ ਵਿੱਚ ਬਰੀ ਕਰਕੇ ਭਾਰਤੀ ਅਦਾਲਤਾਂ ਨੇ ਸਿੱਖਾਂ ਨੂੰ ਫਿਰ ਗ਼ੁਲਾਮੀ ਦਾ ਅਹਿਸਾਸ ਕਰਵਾਇਆ ਹੈ। ਉਹਨਾਂ ਕਿਹਾ ਕਿ ਸਿੱਖ ਭਾਵੇਂ ਇਸ ਦੇਸ਼ ਲਈ 93 ਫੀਸਦੀ ਕੁਰਬਾਨੀਆਂ ਕਰਨ ਪਰ ਭਾਰਤ ‘ਚ ਸਿੱਖਾਂ ਵਾਸਤੇ ਕੋਈ ਹੱਕ-ਹਕੂਕ ਤੇ ਇਨਸਾਫ਼ ਨਹੀਂ। ਉਹਨਾਂ ਕਿਹਾ ਕਿ ਜਿਹੜੇ ਆਖਦੇ ਹਨ ਕਿ ਅਸੀਂ ਕਾਂਗਰਸ, ਭਾਜਪਾ, ਆਮ ਆਦਮੀ ਪਾਰਟੀ ਅਤੇ ਬਾਦਲਕਿਆਂ ਨਾਲ ਖੜ੍ਹੇ ਹਾਂ ਇਨ੍ਹਾਂ ਸਾਰਿਆਂ ਨੇ ਪੱਗਾਂ ‘ਚ ਸਿਰ ਫਸਾਏ ਹੋਏ ਹਨ ਇਹ ਅਖੌਤੀ ਆਗੂ ਦੱਸਣ ਕਿ ਉਹ ਭਾਰਤ ਸਰਕਾਰ ਨਾਲ ਖੜ੍ਹੇ ਹਨ ਜਾਂ ਬੇਦੋਸ਼ੇ ਸਿੱਖ ਨਾਲ ? ਇਹ ਆਗੂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਕੀ ਜਵਾਬ ਦੇਣਗੇ ਜੋ ਸਰਕਾਰਾਂ ਦੇ ਤਲਵੇ ਚੱਟਦੇ ਰਹਿੰਦੇ ਹਨ। ਉਹਨਾਂ ਕਿਹਾ ਕਿ ਨਵੰਬਰ 1984 ‘ਚ ਹਜ਼ਾਰਾਂ ਸਿੱਖਾਂ ਦੇ ਗਲਾਂ ਵਿੱਚ ਟਾਇਰ ਪਾ ਕੇ ਸਾੜਿਆ, ਗੁਰਦੁਆਰਿਆਂ ਨੂੰ ਅੱਗਾਂ ਲਾਈਆਂ, ਬੀਬੀਆਂ ਦੀ ਪੱਤ ਲੁੱਟੀ, ਦੁੱਧ ਪੀਂਦੇ ਬੱਚੇ ਵੀ ਕੋਹੇ ਗਏ, ਸਿੱਖ ਹੋਣਾ ਹੀ ਇਸ ਦੇਸ਼ ‘ਚ ਪਾਪ ਹੋ ਗਿਆ ਤੇ ਹਰ ਚੌਰਾਹੇ ‘ਚ ਸਿੱਖਾਂ ਦੀਆਂ ਲਾਸ਼ਾਂ ਹੀ ਨਜ਼ਰ ਆਉਂਦੀਆਂ ਸਨ। ਇੱਕ-ਇੱਕ ਪਰਿਵਾਰ ਦੇ ਦਸ-ਦਸ ਮੈਂਬਰ ਵੀ ਕਤਲ ਕਰ ਦਿੱਤੇ ਗਏ, ਪਰਿਵਾਰਾਂ ਨੇ 42 ਸਾਲ ਕਾਨੂੰਨੀ ਲੜਾਈ ਲੜੀ ਪਰ ਅਦਾਲਤਾਂ ਨੇ ਇਨਸਾਫ਼ ਦੇ ਬੂਹੇ ਬੰਦ ਕਰ ਲਏ ਤੇ ਸਿੱਖਾਂ ਦੇ ਜ਼ਖ਼ਮਾਂ ਨੂੰ ਹੋਰ ਕੁਰੇਦਿਆ ਤੇ ਸਿੱਖਾਂ ਨੂੰ ਸੁਨੇਹਾ ਦਿੱਤਾ ਕਿ ਤੁਹਾਡੇ ਲਈ ਇੱਥੇ ਕੋਈ ਦੇਸ਼, ਕੋਈ ਕਾਨੂੰਨ, ਕੋਈ ਅਦਾਲਤ, ਕੋਈ ਪ੍ਰਸ਼ਾਸਨ ਤੇ ਕੋਈ ਇਨਸਾਫ਼ ਨਹੀਂ। ਉਹਨਾਂ ਕਿਹਾ ਕਿ ਜੂਨ 1984 ਘੱਲੂਘਾਰਾ ਅਤੇ ਨਵੰਬਰ 1984 ਸਿੱਖ ਕਤਲੇਆਮ ਜੋ ਭਾਰਤੀ ਹਕੂਮਤ ਅਤੇ ਕਾਂਗਰਸ ਦੇ ਮੱਥੇ ਉੱਤੇ ਕਲੰਕ ਹੈ ਜੋ ਕਦੇ ਨਹੀਂ ਮਿਟੇਗਾ ਤੇ ਸਿੱਖ ਇਨ੍ਹਾਂ ਜ਼ੁਲਮਾਂ ਨੂੰ ਕਦੇ ਨਹੀਂ ਭੁੱਲਣਗੇ। ਉਹਨਾਂ ਕਿਹਾ ਕਿ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਨੇ ਆਪਣੇ ਹੱਥੀਂ ਫੌਜ ਮੁਖੀ ਜਨਰਲ ਵੈਦਿਆ ਅਤੇ ਨਵੰਬਰ 1984 ਦੇ ਕਾਤਲਾਂ ਲਲਿਤ ਕੁਮਾਰ ਤੇ ਅਰਜਨ ਦਾਸ ਨੂੰ ਸੋਧ ਕੇ ਖ਼ਾਲਸਾਈ ਪ੍ਰੰਪਰਾਵਾਂ ਅਨੁਸਾਰ ਇਨਸਾਫ਼ ਕੀਤਾ ਸੀ ਜਿਹੜੇ ਦੋਸ਼ੀ ਜਗਦੀਸ਼ ਟਾਈਟਲਰ, ਕਮਲ ਨਾਥ ਅਤੇ ਸੱਜਣ ਕੁਮਾਰ ਵਰਗੇ ਬਚ ਗਏ ਉਹਨਾਂ ਦੀ ਭਾਰਤ ਸਰਕਾਰ ਨੇ ਪੁਸ਼ਤਪਨਾਹੀ ਕੀਤੀ ਤੇ ਪੀੜਤ ਸਿੱਖ ਪਰਿਵਾਰਾਂ ਨਾਲ ਘੋਰ ਬੇਇਨਸਾਫ਼ੀ ਕੀਤੀ ਹੈ। ਉਹਨਾਂ ਕਿਹਾ ਕਿ ਕਾਂਗਰਸ ਅਤੇ ਭਾਜਪਾ ਇੱਕੋ ਸਿੱਕੇ ਦੇ ਦੋ ਪਹਿਲੂ ਹਨ ਜੋ ਸਿੱਖ ਕੌਮ ਦੇ ਕਤਲੇਆਮ ਲਈ ਜ਼ਿੰਮੇਵਾਰ ਹਨ। ਉਹਨਾਂ ਕਿਹਾ ਕਿ ਇਸ ਗੱਲ ਦਾ ਵੀ ਪੰਥ ਨੂੰ ਹਮੇਸ਼ਾ ਰੰਜ ਰਹੇਗਾ ਕਿ ਸਿੱਖਾਂ ਦੇ ਕਾਤਲ ਕਮਲ ਨਾਥ ਵਰਗਿਆਂ ਨੂੰ ਪ੍ਰਕਾਸ਼ ਸਿੰਘ ਬਾਦਲ ਗੁਲਦਸਤੇ ਭੇਟ ਕਰਕੇ ਸਨਮਾਨਿਤ ਕਰਦਾ ਰਿਹਾ ਹੈ। ਉਹਨਾਂ ਕਿਹਾ ਕਿ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਜ਼ਖ਼ਮ ਨੂੰ ਮਹਿਫੂਜ਼ ਰੱਖਣਾ ਚਾਹੀਦਾ ਹੈ ਤੇ ਇਸ ਪੀੜ ਨੂੰ ਸੂਰਜ ਬਣਨ ਦੇਣਾ ਚਾਹੀਦਾ ਹੈ ਜੋ ਸਿੱਖ ਅਜ਼ਾਦੀ ਦਾ ਸੁਪਨਾ ਪੂਰਾ ਕਰੇਗਾ।

## ਪ੍ਰਲੋਕ ਗਮਨ ਦੇ ਸਬੰਧ ਵਿੱਚ ਗੁਰਮਤਿ ਸਮਾਗਮ ਭਲਕੇ : ਪ੍ਰਧਾਨ ਮੂਕਰ



ਕੋਟਕਪੂਰਾ, 23 ਜਨਵਰੀ : ਸ਼੍ਰੋਮਣੀ ਭਗਤ ਬਾਬਾ ਨਾਮਦੇਵ ਜੀ ਦਾ ਪ੍ਰਲੋਕ ਗਮਨ ਦਿਵਸ ਭਗਤਨਾਮਦੇਵ ਸਭਾ ਸੁਸਾਇਟੀ (ਰਜਿ:) ਅਤੇ ਸਮੂਹ ਸਾਧ ਸੰਗਤ ਦੇ ਸਹਿਯੋਗ ਦੇ ਨਾਲ 25 ਜਨਵਰੀ ਨੂੰ ਗੁਰਦੁਆਰਾ ਸਾਹਿਬ, ਸ਼੍ਰੋਮਣੀ ਭਗਤ ਬਾਬਾ ਨਾਮਦੇਵ ਜੀ, ਮੋਗਾ ਰੋਡ ਕੋਟਕਪੂਰਾ ਵਿਖੇ ਸ਼ਰਧਾ ਅਤੇ ਸਤਿਕਾਰ ਸਹਿਤ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰਧਾਨ ਸ਼ਰਨਜੀਤ ਸਿੰਘ ਮੂਕਰ ਨੇ ਦੱਸਿਆ ਕਿ ਇਸ ਮੌਕੇ ਸਵੇਰੇ 7:30 ਤੋਂ 8:30 ਵਜੇ ਤੱਕ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਜਾਣਗੇ, ਉਪਰੰਤ 8:30 ਤੋਂ 9:30 ਵਜੇ ਤੱਕ ਭਾਈ ਗੁਰਸੇਵਕ ਸਿੰਘ ਜ਼ੀਰਾ ਅਤੇ ਸਾਥੀ ਹਜ਼ੂਰੀ ਰਾਗੀ ਜਥਾ ਗੁਰਦੁਆਰਾ ਟਿੱਲਾ ਬਾਬਾ ਫ਼ਰੀਦ ਜੀ, ਫ਼ਰੀਦਕੋਟ ਵਾਲੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਭੋਗ ਉਪਰੰਤ ਗੁਰੂ ਦਾ ਲੰਗਰ ਅਤੁੱਟ ਵਰਤੇਗਾ। ਇਸੇ ਦਿਨ ਹੀ ਨਿਸ਼ਾਨ ਸਾਹਿਬ ਜੀ ਦਾ ਚੋਲਾ ਵੀ ਬਦਲਿਆ ਜਾਵੇਗਾ। ਸ਼ਰਨਜੀਤ ਸਿੰਘ ਮੂਕਰ ਨੇ ਸਮੂਹ ਇਲਾਕਾ ਨਿਵਾਸੀ, ਧਾਰਮਿਕ ਜਥੇਬਬੰਦੀਆਂ ਅਤੇ ਸੰਗਤਾਂ ਨੂੰ ਬੇਨਤੀ ਕੀਤੀ ਕਿ ਇਸ ਮੌਕੇ ਵੱਧ ਤੋਂ ਵੱਧ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ ਜੀ।

## ਸਿਵਲ ਹਸਪਤਾਲ ਫਰੀਦਕੋਟ ਵਿਖੇ ‘ਮੁੱਖ ਮੰਤਰੀ ਸਿਹਤ ਯੋਜਨਾ’ ਦੀ ਰਜਿਸਟ੍ਰੇਸ਼ਨ ਦੀ ਕੀਤੀ ਸ਼ੁਰੂਆਤ

### ਹਰ ਪਰਿਵਾਰ ਲਈ 10 ਲੱਖ ਤੱਕ ਮੁਫਤ ਇਲਾਜ ਦੀ ਸਹੂਲਤ : ਡਿਪਟੀ ਕਮਿਸ਼ਨਰ

ਫਰੀਦਕੋਟ, 23 ਜਨਵਰੀ : ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਉੱਚ ਗੁਣਵੱਤਾ ਵਾਲੀਆਂ ਮੁਫ਼ਤ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਮੁੱਖ ਮੰਤਰੀ ਸਿਹਤ ਯੋਜਨਾ ਦੀ ਸ਼ੁਰੂਆਤ ਜ਼ਿਲਾ ਹਸਪਤਾਲ ਫਰੀਦਕੋਟ ਤੋਂ ਕੀਤੀ ਗਈ, ਇਸ ਸਮਾਰੋਹ ਦੀ ਪ੍ਰਧਾਨਗੀ ਫਰੀਦਕੋਟ ਦੇ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਕੀਤੀ। ਉਨ੍ਹਾਂ ਨਾਲ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਗਗਨਦੀਪ ਸਿੰਘ ਧਾਲੀਵਾਲ, ਚੇਅਰਮੈਨ ਜਿਲ੍ਹਾ ਯੋਜਨਾ ਬੋਰਡ ਗੁਰਤੇਜ ਸਿੰਘ ਖੋਸਾ, ਮਾਰਕਿਟ ਕਮੇਟੀ ਦੇ ਚੇਅਰਮੈਨ ਬਾਬਾ ਅਮਨਦੀਪ ਸਿੰਘ ਨੇ ਇਸ ਸਮਾਰੋਹ ਵਿੱਚ ਸ਼ਮੂਲੀਅਤ ਕੀਤੀ। ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਦੱਸਿਆ ਕਿ ਮੁੱਖ ਮੰਤਰੀ ਸਿਹਤ ਯੋਜਨਾ ਪੰਜਾਬ ਸਰਕਾਰ ਦੀ ਇੱਕ ਪ੍ਰਮੁੱਖ ਸਿਹਤ ਸੰਭਾਲ ਯੋਜਨਾ ਹੈ, ਜੋ ਪੰਜਾਬ ਦੇ ਸਾਰੇ ਪ੍ਰਮਾਣਿਤ ਨਾਗਰਿਕਾਂ ਨੂੰ ਨਗਦ ਰਹਿਤ ਦੂਜੇ ਅਤੇ ਤੀਜੇ ਦਰਜੇ ਦੀ ਡਾਕਟਰੀ ਦੇਖਭਾਲ ਪ੍ਰਦਾਨ ਕਰਦੀ ਹੈ। ਇਹ ਯੋਜਨਾ ਪੰਜਾਬ ਦੇ ਸਾਰੇ ਯੋਗ ਪਰਿਵਾਰਾਂ ਲਈ ਹੈ, ਜੋ ਬਿਨਾਂ ਕਿਸੇ ਵਿੱਤੀ ਪ੍ਰੇਸ਼ਾਨੀ ਦੇ ਮਿਆਰੀ ਸਿਹਤ ਸੰਭਾਲ ਪਹੁੰਚ ਯਕੀਨੀ ਬਣਾਉਂਦੀ ਹੈ। ਇਸ ਯੋਜਨਾ ਅਧੀਨ ਮਰੀਜ਼ ਆਪਣਾ ਇਲਾਜ ਕਿਸੇ ਵੀ ਸਰਕਾਰੀ ਹਸਪਤਾਲ ਜਾਂ ਸੂਚੀਬੱਧ ਕੀਤੇ ਪ੍ਰਾਈਵੇਟ ਹਸਪਤਾਲ ਤੋਂ ਕਰਵਾ ਸਕਦਾ ਹੈ। ਇਸ ਯੋਜਨਾ ਵਿੱਚ ਸੂਬੇ ਦੇ 219 ਸਰਕਾਰੀ ਹਸਪਤਾਲ ਅਤੇ ਲਗਪਗ 600 ਪ੍ਰਾਈਵੇਟ ਹਸਪਤਾਲਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਮੌਕੇ ਚੇਅਰਮੈਨ ਗਗਨਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਅੱਜ ਸਰਕਾਰੀ ਤੌਰ ’ਤੇ ਆਗਾਜ਼ ਹੋ ਗਿਆ ਹੈ, ਜਿਸ ਦਾ ਲਾਭ ਪੰਜਾਬ ਦੇ ਸਾਰੇ ਨਾਗਰਿਕਾਂ ਨੂੰ ਮਿਲੇਗਾ। ਉਨ੍ਹਾਂ ਦੱਸਿਆ ਕਿ ਹੈਲਥ ਕਾਰਡ ਬਣਾਉਣ ਲਈ ਜ਼ਿਲ੍ਹਾ ਫ਼ਰੀਦਕੋਟ ਵਿੱਚ ਕੁੱਲ 107 ਸੈਂਟਰ ਸਥਾਪਿਤ ਕੀਤੇ ਗਏ ਹਨ, ਤਾਂ ਜੋ ਲੋਕਾਂ ਨੂੰ ਕਾਰਡ ਬਣਵਾਉਣ ਵਿੱਚ ਕਿਸੇ ਕਿਸਮ ਦੀ ਦਿੱਕਤ ਨਾ ਆਵੇ। ਉਨ੍ਹਾਂ ਜ਼ਿਲ੍ਹਾ ਫ਼ਰੀਦਕੋਟ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਇਸ ਲੋਕ-ਹਿਤੈਸ਼ੀ ਯੋਜਨਾ ਦਾ ਲਾਭ ਉਠਾਉਣ। ਸਿਵਲ ਸਰਜਨ ਫਰੀਦਕੋਟ ਡਾ ਚੰਦਰ ਸ਼ੇਖਰ ਕੱਕੜ ਨੇ ਜਾਣਕਾਰੀ ਦਿੱਤੀ ਕਿ ਇਸ ਯੋਜਨਾ ਹੇਠ ਰਜਿਸਟਰ ਹੋਣ ਲਈ ਸਾਰੇ ਜਿਲ੍ਹਿਆਂ ਵਿੱਚ ਈ-ਕਾਰਡ ਮੁਫ਼ਤ ਬਣਾਏ ਜਾਣਗੇ। ਫਰੀਦਕੋਟ ਜਿਲ੍ਹੇ ਵਿੱਚ ਇਸ ਯੋਜਨਾ ਅਧੀਨ ਲਾਭਪਾਤਰੀਆਂ ਦੇ ਕਾਰਡ ਬਨਾਉਣ ਲਈ ਸ਼ੁਰੂਆਤੀ ਕੈਂਪ ਸਿਵਲ ਹਸਪਤਾਲ ਫਰੀਦਕੋਟ ਅਤੇ ਬਾਬਾ ਦਿਆਲ ਸਿੰਘ ਸਿਵਲ ਹਸਪਤਾਲ ਕੋਟਕਪੁਰਾ ਵਿਖੇ ਬਣਾਏ ਜਾਣਗੇ। ਲਾਭਪਾਤਰੀ ਆਪਣਾ ਅਧਾਰ ਕਾਰਡ, ਵੋਟਰ ਕਾਰਡ ਅਤੇ 18 ਸਾਲ ਤੋਂ ਘੱਟ ਲਾਭਪਾਤਰੀ ਅਧਾਰ ਕਾਰਡ ਅਤੇ ਜਨਮ ਪ੍ਰਮਾਣ ਪੱਤਰ ਜ਼ਮਾਂ ਕਰਵਾ ਕੇ ਆਪਣਾ ਮੁੱਖ ਮੰਤਰੀ ਸਿਹਤ ਯੋਜਨਾ ਅਧੀਨ ਰਜਿਸਟਰੇਸ਼ਨ ਕਰਵਾ ਸਕਦੇ ਹਨ। ਇਸ ਯੋਜਨਾ ਤਹਿਤ ਪ੍ਰਤੀ ਪਰਿਵਾਰ ਪ੍ਰਤੀ ਸਾਲ 10 ਲੱਖ ਰੁਪਏ ਤੱਕ ਦਾ ਨਕਦ ਰਹਿਤ ਇਲਾਜ, ਜੋ ਗੰਭੀਰ ਬਿਮਾਰੀਆਂ, ਸਰਜਰੀਆਂ ਅਤੇ ਐਮਰਜੈਂਸੀ ਨੂੰ ਕਵਰ ਕਰਦਾ ਹੈ। ਡਿਪਟੀ ਮੈਡੀਕਲ ਕਮਿਸ਼ਨਰ ਫਰੀਦਕੋਟ ਡਾ ਵਿਸ਼ਵਦੀਪ ਗੋਇਲ ਨੇ ਜਾਣਕਾਰੀ ਦਿੱਤੀ ਕਿ ਮੁੱਖ ਮੰਤਰੀ ਸਿਹਤ ਯੋਜਨਾ ਅਧੀਨ 2,356 ਇਲਾਜ ਦੇ ਪੈਕੇਜ ਉਪਲੱਬਧ ਹਨ, (ਦਿਲ ਨਾਲ ਸਬੰਧਤ ਬਿਮਾਰੀਆਂ ਦਾ ਇਲਾਜ, ਕੈਂਸਰ ਦਾ ਇਲਾਜ, ਗੁਰਦਿਆਂ ਦਾ ਡਾਇਲੇਸਿਜ਼, ਦਿਮਾਗ ਦੀ ਸਰਜਰੀ ਆਦਿ ਇਸ ਵਿੱਚ ਕਵਰ ਕੀਤੇ ਜਾਂਦੇ ਹਨ) ਇਹ ਯੋਜਨਾ ਹਸਪਤਾਲ ਵਿੱਚ ਭਰਤੀ ਹੋਣ ਤੋਂ ਪਹਿਲਾਂ ਅਤੇ ਹਸਪਤਾਲ ਵਿੱਚ ਭਰਤੀ ਹੋਣ ਬਾਅਦ ਦੀ ਦੇਖਭਾਲ ਦਾ ਖ਼ਰਚਾ, ਆਈ.ਸੀ.ਯੂ. ਅਤੇ ਕ੍ਰਿਟੀਕਲ ਕੇਅਰ ਸੇਵਾਵਾਂ, ਜਾਂਚ, ਦਵਾਈਆਂ ਅਤੇ ਖਪਤਕਾਰ ਸਮਾਨ ਅਤੇ ਸਰਜਰੀਆਂ ਵੀ ਕਵਰ ਕਰਦੀ ਹੈ। ਇਸ ਮੌਕੇ ਜਿਲਾ ਪਰਿਵਾਰ ਭਲਾਈ ਅਫਸਰ ਡਾ ਵਿਵੇਕ ਰਜੋਰਾ, ਸੀਨੀਅਰ ਮੈਡੀਕਲ ਅਫਸਰ ਡਾ ਪਰਮਜੀਤ ਸਿੰਘ ਬਰਾੜ, ਜ਼ਿਲ੍ਹਾ ਨੋਡਲ ਅਫਸਰ ਏ ਏ ਸੀ ਡਾ ਸਰਵਦੀਪ ਸਿੰਘ ਰੋਮਾਣਾ, ਡਾ, ਕਿਰਨਬੀਰ ਕੌਰ, ਡਿਪਟੀ ਮਾਸ ਮੀਡੀਆ ਅਫਸਰ ਸੁਧੀਰ ਧੀਰ, ਲਖਵਿੰਦਰ ਕੈਂਥ, ਡਾ ਪ੍ਰਭਦੀਪ ਸਿੰਘ ਚਾਵਲਾ, ਸੀਨੀਅਰ ਫਾਰਮੇਸੀ ਅਫਸਰ ਸੁਨੀਲ ਸਿੰਗਲਾ, ਕੁਲਦੀਪ ਸਿੰਘ, ਗਗਨਦੀਪ ਕੌਰ, ਜਿਲ੍ਹਾ ਕੋਆਰਡੀਨੇਟਰ ਕਿਸਾਨ ਵਿੰਗ ਬਲਰਾਜ ਸਿੰਘ, ਐਮ.ਸੀ. ਕਮਲਜੀਤ ਸਿੰਘ ਅਤੇ ਹੋਰ ਅਧਿਕਾਰੀ, ਕਰਮਚਾਰੀ ਅਤੇ ਮੋਹਤਬਾਰ ਵਿਅਕਤੀ ਹਾਜਰ ਸਨ।



## ਡੀ.ਸੀ. ਵੱਲੋਂ ਪੰਜਾਬ ਸਟੇਟ ਮਨਿਸਟਰੀਅਲ ਸਰਵਿਸਸ ਯੂਨੀਅਨ ਦ; ਨਵੇਂ ਸਾਲ ਦਾ ਕੈਲੰਡਰ ਰਿਲੀਜ਼



ਕੋਟਕਪੂਰਾ, 23 ਜਨਵਰੀ : ਅੱਜ ਪੰਜਾਬ ਸਟੇਟ ਮਨਿਸਟਰੀਅਲ ਯੂਨੀਅਨ ਜਿਲ੍ਹਾ ਇਕਾਈ ਫਰੀਦਕੋਟ ਦਾ ਸਾਲ 2006 ਦਾ ਕਲੰਡਰ ਮਾਨਯੋਗ ਡਿਪਟੀ ਕਮਿਸ਼ਨਰ, ਫਰੀਦਕੋਟ ਸ਼੍ਰੀਮਤੀ ਪੂਨਮਦੀਪ ਕੋਰ ਆਈ.ਏ.ਐਸ. ਜੀ ਵੱਲੋਂ ਜਾਰੀ ਕੀਤਾ ਗਿਆ ਅਤੇ ਕਲੰਡਰ ਰਲੀਜ਼ ਕਰਨ ’ਤੇ ਵਧਾਈ ਦਿੱਤੀ ਗਈ। ਇਸ ਸਮੇਂ ਦੌਰਾਨ ਸ੍ਰ. ਗੁਰਨਾਮ ਸਿੰਘ ਵਿਰਕ ਸੂਬਾਈ ਪ੍ਰਧਾਨ ਪੀ.ਐਸ.ਐਮ.ਐਸ.ਯੂ, ਬਿਕਰਮਜੀਤ ਸਿੰਘ ਢਿੱਲੋਂ ਜਿਲ੍ਹਾ ਪ੍ਰਧਾਨ ਪੀ.ਐਸ.ਐਮ.ਐਸ.ਯੂ., ਬਖਸ਼ੀਸ਼ ਸਿੰਘ ਜਿਲ੍ਹਾ ਜਰਨਲ ਸਕੱਤਰ ਪੀ.ਐਸ.ਐਮ.ਐਸ.ਯੂ, ਸਰਬਜੀਤ ਸਿੰਘ ਜਿਲ੍ਹਾ ਵਿੱਤ ਸਕੱਤਰ ਪੀ.ਐਸ.ਐਮ.ਐਸ.ਯੂ, ਰਵੀਇੰਦਰ ਸਿੰਘ ਘਾਲੀ ਸੀਨੀਅਰ ਮਹੀਤ ਪ੍ਰਧਾਨ ਪੀ.ਐਸ.ਐਮ.ਐਸ.ਯੂ, ਜ਼ਸਵੀਰ ਸਿੰਘ ਜਿਲ੍ਹਾ ਪ੍ਰਧਾਨ ਕਮਿਸ਼ਨਰ ਦਫਤਰ ਇੰਪਲਾਈਜ਼ ਯੂਨੀਅਨ, ਸਤੀਸ਼ ਕੁਮਾਰ ਬਹਿਲ, ਸੂਬਾ ਸੀਨੀ. ਮੀਤ ਪ੍ਰਧਾਨ ਡੀ.ਸੀ. ਆਫਿਸ ਯੂਨੀਅਨ, ਸੇਵਕ ਸਿੰਘ ਪ੍ਰਧਾਨ ਡੀ.ਸੀ ਆਫਿਸ ਯੂਨੀਅਨ, ਜ਼ਸਵਿੰਦਰ ਸਿੰਘ ਜਰਨਲ ਸਕੱਤਰ ਡੀ.ਸੀ ਆਫਿਸ ਯੂਨੀਅਨ, ਕਰਨ ਜੈਨ ਪ੍ਰਧਾਨ ਸੀ.ਪੀ.ਐਫ. ਯੂਨੀਅਨ, ਧਰਮਿੰਦਰ ਸਿੰਘ ਜਰਨਲ ਸਕੱਤਰ, ਸੀ.ਪੀ.ਐਫ. ਯੂਨੀਅਨ, ਅਮੁਨਿੰਦਰ ਸਿੰਘ ਗਿੱਲ ਪ੍ਰਧਾਨ ਇੰਡਸਟਰੀ ਵਿਭਾਗ, ਸ਼ਚੰਦਨ ਦੂਆ ਜਰਨਲ ਸਕੱਤਰ ਇੰਡਸਟਰੀ ਵਿਭਾਗ, ਕੁਲਵਿੰਦਰ ਸਿੰਘ ਅਟਵਾਲ ਪ੍ਰਧਾਨ ਖਜਾਨਾ ਦਫਤਰ, ਰਮੇਸ਼ ਕੁਮਾਰ ਜਰਨਲ ਸਕੱਤਰ, ਖਜਾਨਾ ਦਫਤਰ, ਕੁਲਵਿੰਦਰ ਸਿੰਘ, ਪ੍ਰਧਾਨ ਸੋਸਲ ਸਕਿਊਰਟੀ ਵਿਭਾਗ, ਜ਼ਸਵਿੰਦਰ ਸਿੰਘ ਕੋ-ਆਪ੍ਰੇਟਿਵ ਵਿਭਾਗ, ਹਰਪ੍ਰੀਤ ਸਿੰਘ ਜਰਨਲ ਸਕੱਤਰ ਕੋ-ਆਪ੍ਰੇਟਿਵ ਵਿਭਾਗ, ਸੁਖਵਿੰਦਰ ਸਿੰਘ ਪ੍ਰਧਾਨ ਐਕਸਾਈਜ਼ ਅਤੇ ਟੈਕਸਟੇਸ਼ਨ ਵਿਭਾਗ, ਅਮਨਇੰਦਰ ਸਿੰਘ, ਜਰਨਲ ਸਕੱਤਰ, ਐਕਸਾਈਜ਼ ਅਤੇ ਟੈਕਸਟੇਸ਼ਨ ਵਿਭਾਗ, ਮਨਜੀਤ ਸਿੰਘ ਗਿੱਲ, ਪਸ਼ੂ ਪਾਲਣ ਵਿਭਾਗ, ਕੁਲਦੀਪ ਸਿੰਘ ਭਗਤੂਆਣਾ ਪ੍ਰਧਾਨ ਸਿਖਿਆ ਵਿਭਾਗ, ਮਨਦੀਪ ਸਿੰਘ ਗਿੱਲ ਪ੍ਰਧਾਨ ਡਰੇਨੇਜ਼ ਵਿਭਾਗ, ਨੀਲ ਕਰਨ ਸਿੰਘ ਪ੍ਰਧਾਨ, ਭੂਮੀ ਰੱਖਿਆ ਵਿਭਾਗ, ਪਰਮਿੰਦਰ ਸਿੰਘ, ਭੂਮੀ ਰੱਖਿਆ ਵਿਭਾਗ, ਮਨਪ੍ਰੀਤ ਸਿੰਘ ਜਰਨਲ ਸਕੱਤਰ ਖੇਤੀਬਾੜੀ ਵਿਭਾਗ, ਦਵਿੰਦਰ ਸਿੰਘ, ਪ੍ਰਧਾਨ, ਫੂਡ ਸਪਲਾਈ ਵਿਭਾਗ, ਰਣਜੀਤ ਸਿੰਘ ਪ੍ਰਧਾਨ ਭਾਸ਼ਾ ਵਿਭਾਗ, ਗੁਰਚਰਨ ਸਿੰਘ ਪ੍ਰਧਾਨ ਵਾਟਰ ਅਤੇ ਸੈਨੀਟੇਸ਼ਨ ਵਿਭਾਗ ਕੁਲਦੀਪ ਸਿੰਘ ਪ੍ਰਧਾਨ ਆਈ.ਟੀ.ਆਈ ਵਿਭਾਗ, ਮਨੋਹਰ ਸਿੰਘ ਬਰਾੜ ਜਰਨਲ ਸਕੱਤਰ ਸਿਹਤ ਵਿਭਾਗ, ਭੁਪਿੰਦਰ ਸਿੰਘ ਸੇਖੋ, ਸੀ. ਸੀਤ ਪ੍ਰਧਾਨ ਡੀ.ਸੀ ਦਫਤਰ, ਮੋਹਨ ਲਾਲ, ਦਿਲਬਾਗ ਸਿੰਘ ਸਹਾਇਕ ਜਰਨਲ ਸਕੱਤਰ, ਸੁਖਦੀਪ ਸਿੰਘ ਸੀ. ਮੀਤ ਪ੍ਰਧਾਨ, ਬਰਜਿੰਦਰ ਸਿੰਘ ਮੀਤ ਪ੍ਰਧਾਨ, ਪਰਮਜੀਤ ਸਿੰਘ ਬਲਾਕ ਪ੍ਰਧਾਨ, ਗੁਰਪ੍ਰੀਤ ਸਿੰਘ ਸੀ ਮੀਤ ਪ੍ਰਧਾਨ ਸਿਖਿਆ ਵਿਭਾਗ, ਦਵਿੰਦਰ ਸਿੰਘ ਸੀਨੀ. ਮੀਤ ਪ੍ਰਧਾਨ, ਸਿਖਿਆ ਵਿਭਾਗ, ਮਨੀਸ਼ ਕੁਮਾਰ ਗਰੋਵਰ ਵਿੱਤ ਸਕੱਤਰ ਸਿਖਿਆ ਵਿਭਾਗ, ਦੀਪਕ ਕੁਮਾਰ ਮੁਖੀਜਾ ਸਲਾਹਕਾਰ ਸਿਖਿਆ ਵਿਭਾਗ, ਦਿਲਬਾਗ ਸਿੰਘ ਸਹਾਇਕ ਵਿੱਤ ਸਕੱਤਰ ਸਿਖਿਆ ਵਿਭਾਗ, ਕੁਲਦੀਪ ਸਿਘ ਸੀਨੀਅਰ ਬਲਾਕ ਪ੍ਰਾਧਾਨ ਸਿਖਿਆ ਵਿਭਾਗ, ਇਕਬਾਲ ਸਿੰਘ ਸਾਬਕਾ ਪ੍ਰਧਾਨ ਸਿਖਿਆ ਵਿਭਾਗ, ਰਿਸ਼ੀਪਾਲ ਸਿੰਘ ਸੰਧੂ ਖੇਤੀਬਾੜੀ ਵਿਭਾਗ, ਭਾਰਤ ਸੀਨੀਅਰ ਮੀਤ ਪ੍ਰਧਾਨ, ਖਜਾਨਾ ਦਫਤਰ ਅਤੇ ਸ਼ਗੁਰਪ੍ਰੀਤ ਸਿੰਘ ਡਰੇਨੇਜ਼ ਵਿਭਾਗ ਹਾਜਰ ਸਨ।

## ਆਕਸਫੋਰਡ ਦੇ ਵਿਦਿਆਰਥੀਆਂ ਨੇ ਚਾਈਨਾ ਡੋਰ ਨੂੰ ਨਾ ਵਰਤਣ ਸਬੰਧੀ ਕੱਢੀ ਜਾਗਰੂਕ ਰੈਲੀ

ਕੋਟਕਪੂਰਾ, 23 ਜਨਵਰੀ : ‘ਦ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ’ ਭਗਤਾ ਭਾਈਕਾ ਇੱਕ ਅਜਿਹੀ ਮਾਣਮੱਤੀ ਵਿੱਦਿਅਕ ਸੰਸਥਾ ਹੈ, ਜੋ ਆਪਣੇ ਵਿਦਿਆਰਥੀਆਂ ਨੂੰ ਸਿਰਫ ਵਿੱਦਿਅਕ ਪੱਖ ਤੋਂ ਹੀ ਮੋਹਰੀ ਨਹੀਂ ਸਗੋਂ ਸਮਾਜਿਕ ਪੱਖ ਤੋਂ ਵੀ ਵੱਖ-ਵੱਖ ਗਤੀਵਿਧੀਆਂ ਕਰਵਾਉਣ ਕਾਰਨ ਹਮੇਸ਼ਾ ਸੁਰਖੀਆਂ ਵਿੱਚ ਰਹਿੰਦੀ ਹੈ। ਕੱਲ੍ਹ ਇਸ ਸੰਸਥਾ ਦੇ ਵਿਦਿਆਰਥੀਆਂ ਵੱਲੋਂ ਨੇੜਲੇ ਪਿੰਡ ਮਲੂਕਾ, ਭਾਈਰੂਪਾ ਵਿਖੇ ਇੱਕ ਰੈਲੀ ਕੱਢੀ ਗਈ ਜਿਸ ਵਿੱਚ ਚਾਇਨਾ ਡੋਰ ਦੇ ਨੁਕਸਾਨਾਂ ਨੂੰ ਮੁੱਖ ਰੱਖ ਕੇ ਇਸ ਨੂੰ ਨਾ ਵਰਤਣ ਦਾ ਸੁਨੇਹਾ ਦਿੱਤਾ ਗਿਆ।ਸੰਸਥਾ ਦੇ ਐਨ.ਸੀ.ਸੀ. ਕੈਡਿਟ, ਨੇਵੀ ਕੈਡਿਟ ਅਤੇ ਸਕਾਊਟ ਐਂਡ ਗਾਇਡ ਦੇ ਕੈਡਿਟਾਂ ਨੂੰ ਸਕੂਲ ਦੇ ਪ੍ਰਿੰਸੀਪਲ ਰੂਪ ਲਾਲ ਬਾਂਸਲ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ।




ਵਿਦਿਆਰਥੀਆਂ ਨੇ ਪਿੰਡਾਂ ਵਿੱਚ ਜਾ ਪਿੰਡ ਵਾਸੀਆਂ ਨੂੰ ਚਾਈਨਾ ਡੋਰ ਦੇ ਕਾਰਨ ਜਾਣ ਵਾਲੀਆਂ ਮਨੁੱਖਾਂ ਅਤੇ ਪੰਛੀਆਂ ਦੀਆਂ ਜਾਨਾਂ ਅਤੇ ਹੋਰ ਵਾਪਰਨ ਵਾਲੀਆਂ ਅਣਸੁਖਾਵੀਆਂ ਘਟਨਾਵਾਂ ਤੋਂ ਜਾਣੂ ਕਰਵਾਉਂਦੇ ਹੋਏ ਇਸ ਦੀ ਵਰਤੋਂ ਨਾ ਕਰਨ ਅਤੇ ਇਸ ਦੀ ਥਾਂ ਦੇਸੀ ਡੋਰ ਵਰਤਣ ਦਾ ਸੰਦੇਸ਼ ਦਿੱਤਾ। ਪਿੰਡ ਦੇ ਮੋਹਤਬਰ ਮੈਬਰਾਂ ਅਤੇ ਪਿੰਡ ਵਾਸੀਆਂ ਨੇ ਭਰਵਾਂ ਹੁੰਗਾਰਾ ਦਿੱਤਾ। ਪ੍ਰਿੰਸੀਪਲ ਰੂਪ ਲਾਲ ਬਾਂਸਲ ਨੇ ਵੀ ਸਕੂਲ ਦੇ ਵਿਦਿਆਰਥੀਆਂ ਨੂੰ ਇਸ ਡੋਰ ਦੀ ਵਰਤੋ ਨਾਲ ਹੋਣ ਵਾਲੇ ਨੁਕਸਾਨਾਂ ਬਾਰੇ ਜਾਣਕਾਰੀ ਦਿੰਦੇ ਹੋਏ ਕੀਮਤੀ ਜਾਨਾਂ ਨਾ ਗੁਆਉਣ ਦਾ ਸੁਨੇਹਾ ਦਿੱਤਾ। ਇਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਨੇ ਵੀ ਵਿਦਿਆਰਥੀਆਂ ਅਤੇ ਇਸ ਸੰਸਥਾ ਦੇ ਇਸ ਜਾਗਰੁਕ ਕਦਮ ਦੀ ਸ਼ਲਾਘਾ ਕੀਤੀ ਅਤੇ ਆਪਣੇ ਪਿੰਡਾਂ ਵਿੱਚ ਇਸ ਦੀ ਵਰਤੋਂ ਨਾ ਕਰਨ ਲਈ ਉਚੇਚ ਕਰਨ ਦਾ ਵਾਅਦਾ ਕੀਤਾ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਮੈਂਬਰ ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ), ਹਰਗੁਰਪੀ੍ਰਤ ਸਿੰਘ‘ਗਗਨ ਬਰਾੜ’ (ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ ਸ਼ੈਰੀ ਢਿੱਲੋਂ (ਵਾਈਸ ਚੇਅਰਮੈਨ), ਗੁਰਮੀਤ ਸਿੰਘ ਗਿੱਲ ਸਰਪੰਚ (ਵਿੱਤ-ਸਕੱਤਰ) ਨੇ ਵਿਦਿਆਰਥੀਆਂ ਦੇ ਇਸ ਯਤਨ ਦੀ ਭਰਪੂਰ ਸ਼ਲਾਘਾ ਕੀਤੀ।

## ਫਾਉਂਡੇਸ਼ਨ ਵੱਲੋਂ ਕਰਵਾਈ ਪ੍ਰੀਖਿਆ ਵਿੱਚੋਂ ਡੀ.ਸੀ.ਐੱਮ. ਸਕੂਲ ਨੇ ਜਿੱਤੇ ‘ਗੋਲਡ ਮੈਡਲ’

ਕੋਟਕਪੂਰਾ, 23 ਜਨਵਰੀ : ਸਥਾਨਕ ਬਾਹਮਣ ਵਾਲਾ ਸੜਕ ’ਤੇ ਸਥਿੱਤ ਇਲਾਕੇ ਦੀ ਨਾਮਵਰ ਸਿੱਖਿਆ ਸੰਸਥਾ ਡੀ.ਸੀ.ਐੱਮ. ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀ ਜਿੱਥੇ ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਮੱਲਾਂ ਮਾਰ ਰਹੇ ਹਨ, ਉੱਥੇ ਹੀ ਕਾਮਰਸ ਦੇ ਖੇਤਰ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਕਰ ਰਹੇ ਹਨ। ਪਿਛਲੇ ਦਿਨੀ ਸਾਇੰਸ ਉਲੰਪੀਅਡ ਫਾਉਂਡੇਸ਼ਨ ਵੱਲੋਂ ਕਰਵਾਈ



ਗਈ, ਸਾਇੰਸ, ਮੈਥ, ਇੰਗਲਿਸ਼, ਦੀ ਪ੍ਰੀਖਿਆ ਵਿੱਚੋਂ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਨੇ ਗੋਲਡ ਮੈਡਲ ਹਾਸਲ ਕੀਤੇ ਹਨ, ਜਿਸ ਵਿੱਚ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ, ਇਸ ਦੇ ਨਾਲ 11ਵੀਂ ਅਤੇ ਬਾਰਵੀਂ ਜਮਾਤ ਦੇ ਵਿਦਿਆਰਥੀ, ਮੁਸਕਾਨਜੋਤ ਕੌਰ, ਪਹਿਲਾ, ਦੂਜਾ ਤੁਸ਼ਾਰ ਭੰਡਾਰੀ, ਤੀਜਾ ਸਥਾਨ ਕ੍ਰਿਤਕਾ, ਲਵਦੀਪ ਸਿੰਘ, ਅਭਿਜੀਤ ਸਿੰਘ, ਪਿਯੂਸ਼ ਗਰਗ, ਜਾਸ਼ਿਕਾ, ਮਹਿਕਪ੍ਰੀਤ ਕੌਰ, ਮਨਜੋਤ ਕੌਰ, ਮੁਸਕਾਨਜੋਤ ਕੌਰ, ਲੋਵਦੀਪ ਕੌਰ ਨੇ ਵਧੀਆ ਪ੍ਰਦਰਸ਼ਨ ਕਰਕੇ ਆਪਣੇ ਮਾਤਾ-ਪਿਤਾ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ ਅਤੇ 9 ਵਿਦਿਆਰਥੀ ਸਟੇਟ ਲੈਵਲ-2 ਪ੍ਰੀਖਿਆ ਲਈ ਵੀ ਚੁਣੇ ਗਏ ਹਨ। ਇਹਨਾਂ ਵਿਦਿਆਰਥੀਆਂ ਨੂੰ ਗੋਲਡ ਮੈਡਲ ਅਤੇ ਸਰਟੀਫਿਕੇਟ ਓਹਨਾ ਦੇ ਉਤਸ਼ਾਹ ਨੂੰ ਹੋਰ ਵਧਾਉਣ ਲਈ ਸਪੈਸ਼ਲ, ਗਿਫਟ ਦਿਤੇ ਗਏ। ਇਸ ਸਮੇਂ ਸਵੇਰੇ ਦੀ ਸਭਾ ਵਿੱਚ ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਮੀਨਾਕਸ਼ੀ ਸ਼ਰਮਾ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕਰਨ ਦੇ ਨਾਲ-ਨਾਲ ਅਗਲੇ ਲੈਵਲ ’ਤੇ ਹੋਣ ਵਾਲੀ ਪ੍ਰੀਖਿਆ ਲਈ ਪ੍ਰੇਰਿਤ ਕੀਤਾ।

# ਪੰਜਾਬੀ ਗ਼ਜ਼ਲ ਦਾ ਵਿਲੱਖਣ ਚਿਹਰਾ-ਡਾ. ਤਰਲੋਕ ਸਿੰਘ ਆਨੰਦ



ਪੰਜਾਬੀ ਗ਼ਜ਼ਲਕਾਰੀ ਵਿੱਚ ਕੁਝ ਸ਼ਹਿਰਾਂ ਤੇ ਸ਼ਾਇਰਾਂ ਦੀ ਪਛਾਣ ਨਿਵੇਕਲੀ ਹੈ। ਨਾਭਾ ਉਨ੍ਹਾਂ ਸ਼ਹਿਰਾਂ ਵਿੱਚੋਂ ਪ੍ਰਮੁੱਖ ਹੈ ਜਿੱਥੇ ਉਰਦੂ ਸ਼ਾਇਰ ਪ੍ਰੋ. ਆਜ਼ਾਦ ਗੁਲਾਟੀ, ਪੰਜਾਬੀ ਗ਼ਜ਼ਲਗੋ ਗੁਰਦੇਵ ਨਿਰਧਨ, ਕੰਵਰ ਚੌਹਾਨ,ਸੁਰਜੀਤ ਰਾਮਪੁਰੀ ਅਤੇ ਪ੍ਰੋ. ਸੁਖਦੇਵ ਸਿੰਘ ਗਰੇਵਾਲ ਦੇ ਨਾਲ ਨਾਲ ਤੁਰਦਿਆਂ ਡਾ. ਤਰਲੋਕ ਸਿੰਘ ਆਨੰਦ ਨੇ ਵੀ ਮੁੱਲਵਾਨ ਗ਼ਜ਼ਲਾਂ ਲਿਖ ਕੇ ਆਪਣੀ ਵਿਸ਼ੇਸ਼ ਪਛਾਣ ਬਣਾਈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਪੰਜਾਬੀ ਦੇ ਪ੍ਰੋਫ਼ੈਸਰ ਰਹੇ ਡਾ. ਆਨੰਦ ਦੇ ਇਹ ਦੋ ਸ਼ਿਅਰ ਪੰਜਾਬੀ ਸਰੋਤਿਆਂ ਨੂੰ ਮੂੰਹ ਜ਼ਬਾਨੀ ਯਾਦ ਹਨ।

ਡੁੱਬਿਆ ਰਿਹਾ ਕੁਝ ਇਸ ਕਦਰ ਤੇਰੇ ਖ਼ਿਆਲ ਵਿੱਚ।

ਮਿਸ਼ਰੀ ਦੀ ਥਾਂ ਤੇ ਬੰਨ੍ਹ ਲਿਆ ਪਾਣੀ ਰੁਮਾਲ ਵਿੱਚ।

ਜੇ ਸੁਣ ਸਕੇਂ ਤਾਂ ਸੱਚ ਇੱਕ ਮੈਂ ਵੀ ਹੈ ਆਖਣਾ,

ਸ਼ਾਮਿਲ ਹੈ ਤੇਰਾ ਇਸ਼ਕ ਵੀ ਮੇਰੇ ਜ਼ਵਾਲ ਵਿੱਚ।

ਡਾ. ਤਰਲੋਕ ਸਿੰਘ ਆਨੰਦ ਦਾ ਜਨਮ 10ਨਵੰਬਰ 1942 ਨੂੰ ਪਿੰਡ ਦੌਲਤਾਲਾ ਤਹਿਸੀਲ ਗੁੱਜਰਖ਼ਾਨ(ਰਾਵਲਪਿੰਡੀ) ਵਿੱਚ ਸ. ਇੰਦਰ ਸਿੰਘ ਦੇ ਘਰ ਮਾਤਾ ਜੀ ਪ੍ਰੇਮ ਕੌਰ ਦੀ ਕੁੱਖੋਂ ਹੋਇਆ। ਦੇਸ਼ ਵੰਡ ਵੇਲੇ ਇਸ ਪਰਿਵਾਰ ਨੂੰ ਵੀ ਆਪਣੀ ਜੰਮਣ ਭੋਇੰ ਛੱਡ ਕੇ ਬੇਵਤਨੇ ਹੋਣਾ ਪਿਆ।

ਏਧਰ ਆਉਣ ਤੇ ਇਸ ਪਰਿਵਾਰ ਨੇ ਕੁਝ ਸਮਾਂ ਲੁਧਿਆਣਾ ਵਿੱਚ ਪੜਾਅ ਕੀਤਾ ਪਰ ਨਾਭਾ ਦੀ ਪੱਕੀ ਅਲਾਟਮੈਂਟ ਹੋਣ ਤੇ ਆਪ ਮਾਪਿਆਂ ਨਾਲ ਨਾਭਾ ਆਣ ਵੱਸੇ। ਇਥੋਂ ਹੀ ਆਪ ਨੇ 1962 ਵਿੱਚ ਰਿਪੁਦਮਨ ਕਾਲਿਜ ਨਾਭਾ ਤੋਂ ਗਰੈਜੂਏਸ਼ਨ ਕੀਤੀ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਬਣਨ ਤੇ ਪਹਿਲੇ ਬੈਚ ਵਿੱਚ ਦਾਖ਼ਲ ਹੋ ਕੇ 1965 ਵਿੱਚ ਐੱਮ ਏ ਪੰਜਾਬੀ ਤੇ 1974 ਵਿੱਚ ਪ੍ਰੋ. ਪੂਰਨ ਸਿੰਘ ਰਚਨਾਵਲੀ ਬਾਰੇ ਖੋਜ ਕਾਰਜ ਕਰਕੇ ਡਾਕਟਰੇਟ ਦੀ ਡਿਗਰੀ ਪ੍ਰਾਪਤ ਕੀਤੀ।

ਡਾ. ਤਰਲੋਕ ਸਿੰਘ ਆਨੰਦ ਜੀ ਨਾਲ ਮੇਰੀ ਪਹਿਲੀ ਮੁਲਾਕਾਤ ਡਾ. ਰਣਧੀਰ ਸਿੰਘ ਚੰਦ ਨੇ 1975 ਵਿੱਚ ਨਾਭਾ ਵਿਖੇ ਗੁਰਦੇਵ ਨਿਰਧਨ ਦੇ ਸਦਰ ਬਾਜ਼ਾਰ ਵਿਚਲੀ ਘੜੀ ਸਾਜ਼ ਵਾਲੀ ਦੁਕਾਨ ਵਿੱਚ ਕਰਵਾਈ। ਮੈਂ ਤੇ ਸ਼ਮਸ਼ੇਰ ਸਿੰਘ ਸੰਧੂ ਉਦੋਂ ਪਹਿਲੀ ਵਾਰ ਨਾਭੇ ਗਏ ਸਾਂ। ਉਥੇ ਹੀ ਆਜ਼ਾਦ ਗੁਲਾਟੀ ਤੇ ਕੰਵਰ ਚੌਹਾਨ ਜੀ ਨਾਲ ਮੁਲਾਕਾਤ ਹੋਈ।

ਡਾ. ਤਰਲੋਕ ਸਿੰਘ ਆਨੰਦ ਜੀ ਦੀਆਂ ਸ਼ਾਇਰੀ ਦੀਆ ਹੁਣ ਤੀਕ ਸਿਰਫ਼ ਦੋ ਹੀ ਕਿਤਾਬਾਂ ਇੱਕ ‘ਬਿਆਨ ਹਲਫ਼ੀਆ’ ਤੇ ਇੱਕ ‘ਨਿਰੰਤਰ ਮੌਤ’ ਹਨ।

ਹੋਰ ਅਦਬੀ ਕੰਮ ਬਹੁਤ ਨੇ। ਸੋਹਣੀ ਫ਼ਜ਼ਲ ਸ਼ਾਹ, ਸੁਲਤਾਨ ਬਾਹੂ, ਪ੍ਰੋ. ਪੂਰਨ ਸਿੰਘ ਕਾਵਿ ਪ੍ਰਤਿਭਾ ਤੇ ਇੱਕ ਸ਼ਿਅਰ ਦੀ ਪਰਿਕਰਮਾ ਆਲੋਚਨਾ ਤੇ ਖੋਜ ਪੁਸਤਕਾ ਹਨ। ਗੁਰਮਤਿ ਬਾਰੇ ਤਿੰਨ ਕਿਤਾਬਾਂ ਇਹ ਤਉ ਬ੍ਰਹਮ ਵਿਚਾਰ ਅਤੇ ਬੋਲ ਸਦੀਵੀ ਪੰਦਾਬੀ ਵਿੱਚ ਹਨ ਜਦ ਕਿ The eternal word ਅੰਗਰੇਜ਼ੀ ਵਿੱਚ ਹੈ। ਛੇ ਸੰਪਾਦਿਤ ਪੁਸਤਕਾਂ ਹਨ। ਡਾ. ਆਨੰਦ ਨੇ ਦੋ ਪੁਸਤਕਾਂ ਫ਼ਖ਼ਰ ਜ਼ਮਾਂ ਦੀ ਚੋਣਵੀਂ ਕਵਿਤਾ ਤੇ ਅਹਿਸਾਨ ਬਟਾਲਵੀ ਦੇ ਨਾਵਲ “ਇੱਕ ਇੱਜੜ ਦੀ ਕਹਾਣੀ” ਦਾ ਲਿਪੀਅੰਤਰਣ ਵੀ ਕੀਤਾ ਹੈ।

ਡਾ. ਤਰਲੋਕ ਸਿੰਘ ਆਨੰਦ ਦੇ ਪਿਤਾ ਜੀ ਵੀ ਸਾਹਿੱਤ ਰਸੀਏ ਹੋਣ ਕਾਰਨ ਘਰ ਦੇ ਅਦਬੀ ਮਾਹੌਲ ਨੇ ਹੀ ਉਨ੍ਹਾਂ ਨੂੰ ਇਸ ਮਾਰਗ ਤੇ ਤੁਰਨ ਲਈ ਪ੍ਰੇਰਿਤ ਕੀਤਾ। ਪਿਤਾ ਜੀ ਦਾ ਮਨ ਪਸੰਦ ਕਵੀ ਪ੍ਰੋ. ਮੋਹਨ ਸਿੰਘ ਹੋਣ ਕਾਰਨ ਘਰ ਵਿੱਚ ਉਨ੍ਹਾਂ ਦੀ ਸ਼ਾਇਰੀ ਦੀ ਸਰਦਾਰੀ ਸੀ। ਉਸ ਦੇ ਅਸਰ ਸਦਕਾ ਡਾ. ਆਨੰਦ ਵੀ ਆਧੁਨਿਕ ਬੋਧ ਦਾ ਕਵੀ ਬਣ ਗਿਆ।

ਰਿਪੁਦਮਨ ਕਾਲਿਜ ਨਾਭਾ ਵਿੱਚ ਪੜ੍ਹਦਿਆਂ 1960 ਵਿੱਚ ਹੋਏ ਕਵੀ ਦਰਬਾਰ ਵਿੱਚ ਉਸਨੂੰ ਵੀ ਵਿਦਿਆਰਥੀ ਕਵੀ ਵਜੋਂ ਸ਼ਾਮਿਲ ਹੋਣ ਦਾ ਮਾਣ ਮਿਲਿਆ। ਉਸ ਕਵੀ ਦਰਬਾਰ ਦੀ ਪ੍ਰੇਰਨਾ ਹੀ ਉਸ ਦੀ ਅਦਬੀ ਪੂੰਜੀ ਬਣੀ।

ਪਿਛਲੇ ਦਿਨੀਂ ਉਨ੍ਹਾਂ ਦੀ ਸਮੁੱਚੀ ਸ਼ਾਇਰੀ “ਕੁੱਲ ਮਿਲਾ ਕੇ” ਨਾਮ ਹੇਠ ਸਪਰੈੱਡ ਪਬਲੀਕੇਸ਼ਨ ਰਾਮਪੁਰ(ਲੁਧਿਆਣਾ) ਵੱਲੋਂ ਅਮਰਿੰਦਰ ਸੋਹਲ ਨੇ ਛਾਪੀ ਹੈ।

ਮੈਨੂੰ ਮਾਣ ਹੈ ਕਿ ਮੈਂ ਡਾ. ਤਰਲੋਕ ਸਿੰਘ ਆਨੰਦ ਜੀ ਦਾ ਪਿਛਲੀ ਅੱਧੀ ਸਦੀ ਤੋਂ ਪਾਠਕ ਹਾਂ।

ਡਾ. ਤ੍ਰਿਲੋਕ ਸਿੰਘ ਆਨੰਦ ਦੀਆਂ ਪੰਜ ਗ਼ਜ਼ਲਾਂ

1.
ਡੁਬਿਆ ਰਿਹਾ ਹਾਂ ਇਸ ਕਦਰ ਤੇਰੇ ਖ਼ਿਆਲ ਵਿਚ।

ਮਿਸ਼ਰੀ ਦੀ ਥਾਂ ’ਤੇ ਬੰਨ੍ਹ ਲਿਆ ਪਾਣੀ ਰੁਮਾਲ ਵਿਚ।

ਪੱਥਰ ਨਹੀਂ ਹਾਂ ਮੈਂ ਮੇਰਾ ਕੁਝ ਤਾਂ ਖ਼ਿਆਲ ਕਰ,

ਧੁੱਪਾਂ ਵੀ ਠਿਠਰ ਜਾਂਦੀਆਂ ਬਿਫਰੇ ਸਿਆਲ ਵਿਚ।

ਨੈਣਾਂ ਦੇ ਨਿੱਕੇ ਟੀਲਿਆਂ ਕਿੰਨਾ ਕੁ ਸਾਂਭਣਾ,

ਲੱਖ ਸੂਰਜਾਂ ਦਾ ਮੇਲ ਹੈ ਉਸ ਦੇ ਜਲਾਲ ਵਿਚ।

ਜੇ ਸੁਣ ਸਕੇਂ ਤਾਂ ਸੱਚ ਇਕ ਮੈਂ ਵੀ ਹੈ ਆਖਣਾ,

ਸ਼ਾਮਲ ਹੈ ਤੇਰਾ ਇਸ਼ਕ ਵੀ ਮੇਰੇ ਜ਼ਵਾਲ ਵਿਚ।

ਤੇਰੀ ਜਫ਼ਾ ਤੇ ਵਕਤ ਨੇ ਲਿਆਂਦਾ ਹੈ ਜੋ ‘ਆਨੰਦ’,

ਸੁਪਨੇ ਦੇ ਮਹਲ ਢਹਿ ਗਏ ਓਸੇ ਭੂਚਾਲ ਵਿੱਚ।

2.
ਗ਼ਜ਼ਲ

ਆ ਆਪਾਂ ਦੋਵੇਂ ਹੀ ਰਲ਼ ਕੇ, ਅਪਣੀ ਇਕ ਬਣਾਈਏ ਐਲਬਮ।

ਸਭ ਤਸਵੀਰਾਂ ਲਾ ਕੇ ਪੁੱਠੀਆਂ, ਵਖਰੀ ਤਰ੍ਹਾਂ ਸਜਾਈਏ ਐਲਬਮ।

ਕਿਧਰੇ ਸਾਡੇ ਰਾਜ਼ ਨਾ ਖੁੱਲ੍ਹਣ, ਹੋਈਏ ਨਾ ਬਦਨਾਮ ਅਸੀਂ,

ਹਰ ਇਕ ਵੈਰੀ ਅੱਖ ਤੋਂ ਕੀਕਰ, ਆਪਾਂ ਦਸ ਛੁਪਾਈਏ ਐਲਬਮ।

ਪਿਆਰ ’ਚ ਕੀ ਖੋਇਆ, ਕੀ ਪਾਇਆ, ਪੁੱਛ ਲਵੇ ਜੇ ਕੋਈ ਵਿਅਕਤੀ,

ਮੂੰਹੋਂ ਤਾਂ ਕੁਝ ਵੀ ਨਾ ਕਹੀਏ, ਬਸ ਉਸ ਨੂੰ ਦਿਖਲਾਈਏ ਐਲਬਮ।

ਜਿਸ ਵੀ ਥਾਂ ’ਤੇ ਹੋਏ ਆਯੋਜਿਤ, ਦੁਰਲਭ ਪੀੜਾਂ ਦਾ ਪ੍ਰਦਰਸ਼ਨ,

ਉਸ ਮੇਲੇ ਵਿਚ ਇਕਲਵਾਂਝੇ ਆਪਣੀ ਵੀ ਰਖਵਾਈਏ ਐਲਬਮ।

ਆ ਕਿ ਅੱਜ ਦੀ ਏਸ ਘੜੀ ਤੋਂ ਨਵਰੰਗਾਂ ਦੀ ਭਾਲ ਅਰੰਭੀਏ,

ਸਭ ਤੋਂ ਪਹਿਲਾਂ ਅਪਣੇ ਹੱਥੀਂ, ਅੱਗ ਦੇ ਵਿਚ ਜਲਾਈਏ ਐਲਬਮ।

ਭਾਲ਼ ਤੇਰੀ ਵਿਚ ਨਿਕਲ਼ਿਆ ਜਿਹੜਾ ਹੋਰ ਭਲਾ ਕੀ ਕਰ ਜਾਵੇਗਾ।

ਅਪਣਾ ਪਰਛਾਵਾਂ ਵੀ ਖੋ ਕੇ ਖ਼ਾਲੀ ਹੱਥੀਂ ਘਰ ਜਾਵੇਗਾ।

3.
ਐਸਾ ਗਾਹਕ ਨਾ ਮਿਲਣਾ ਮੁੜ ਕੇ, ਦੇਖੀਂ ਇਸ ਨੂੰ ਮੋੜ ਨਾ ਦੇਵੀਂ,

ਦੋ ਹੋਠਾਂ ਦੇ ਹਾਸੇ ਬਦਲੇ ਉਮਰਾ ਗਹਿਣੇ ਧਰ ਜਾਵੇਗਾ।

ਤੇਰੇ ਮੁੱਖ ਦਾ ਮਘਦਾ ਸੂਰਜ ਜਦ ਚੜ੍ਹਿਆ ਵਿਹੜੇ ਵਿਚ ਮੇਰੇ,

ਕੁੱਲ ਉਮਰਾ ਦਾ ਸਾਰਾ ਨ੍ਹੇਰਾ ਪਲ ਛਿਣ ਵਿਚ ਹੀ ਹਰ ਜਾਵੇਗਾ।

ਤੇਰੇ ਹੁੰਦਿਆਂ ਪਰਦਿਆਂ ਉਤਲੇ ਫੁੱਲਾਂ ਦੇ ਵਿਚ ਖ਼ੁਸ਼ਬੋਈ ਹੈ,

ਤੇਰੇ ਬਾਝੋਂ ਚਾਦਰ ਉਤਲਾ ਮੋਰ ਸੁਨਹਿਰੀ ਮਰ ਜਾਵੇਗਾ।

ਝੀਲਾਂ ਵਰਗੀਆਂ ਗਹਿਰੀਆਂ ਅੱਖਾਂ ਤੇ ਜੋਬਨ ਦਾ ਸੀਤਲ ਪਾਣੀ,

ਜੋ ਨਾ ਡੁਬਿਆ ਵਿਚ ਇਨ੍ਹਾਂ ਦੇ ਸਿਖਰ ਦੁਪਹਿਰੇ ਠਰ ਜਾਵੇਗਾ।

4.

ਹੋਵੇ ਜੇ ਦਿਲ ਉਦਾਸ ਤਾਂ ਮੇਰਾ ਕਲਾਮ ਪੜ੍ਹ।

ਆਵੇ ਨਾ ਜੀਣ ਰਾਸ ਤਾਂ ਮੇਰਾ ਕਲਾਮ ਪੜ੍ਹ।

ਕਿੰਜ ਹਾਸਿਆਂ ਦੇ ਵਿਚ ਇਹ ਹੰਝੂ ਨੇ ਵਟ ਗਏ,

ਇਹ ਜਾਣਨਾ ਇਤਿਹਾਸ ਤਾਂ ਮੇਰਾ ਕਲਾਮ ਪੜ੍ਹ।

ਕੰਡਿਆਂ ਦੇ ਕੋਲ ਰਹਿ ਕੇ ਵੀ ਫੁੱਲਾਂ ਦੇ ਆਸ਼ਕਾ,

ਆਵੇ ਨਾ ਤੈਨੂੰ ਬਾਸ ਤਾਂ ਮੇਰਾ ਕਲਾਮ ਪੜ੍ਹ।

ਤਨਹਾਈਆਂ ਦੇ ਨ੍ਹੇਰ ਵਿਚ ਘਿਰਨਾ ਤਾਂ ਠੀਕ ਨਾ,

ਹੋਵੇ ਨਾ ਕੋਈ ਪਾਸ ਤਾਂ ਮੇਰਾ ਕਲਾਮ ਪੜ੍ਹ।

ਦਰਦਾਂ ਦੀ ਭੀੜ ਵਿਚ ਜਦ ਘਿਰ ਜਾਵੇ ਜ਼ਿੰਦਗੀ,

ਮੁਸ਼ਕਿਲ ਜੇ ਆਏ ਸਾਸ ਤਾਂ ਮੇਰਾ ਕਲਾਮ ਪੜ੍ਹ।

5

ਕਲ੍ਹ ਤਕ ਹਰ ਪਾਸੇ ਦਿਸਦੇ ਸਨ ਖਿੰਡੇ ਹੋਏ ਕੁਝ ਖ਼ਾਬ ਸੁਨਹਿਰੇ।

ਅੱਜ ਉਦਾਸੀ ਘਰ ਦੀ ਮਾਲਕ ਹੋਠਾਂ ‘ਤੇ ਪੀੜਾਂ ਦੇ ਪਹਿਰੇ।

ਲਾਇਬ੍ਰੇਰੀ ਦੇ ਵਿਚ ਬੈਠੇ ਵਰਕੇ ਪਲਟੀ ਜਾਵਣ ਕਿਉਂ,

ਅੱਖੀਆਂ ਅੱਖਰ ਸ਼ੋਰ ਮਚਾਵਣ, ਸੁਣਦੇ ਨਹੀਂ ਕੀ ਲੋਕੀ ਬਹਿਰੇ?

ਪੁਛਦਾ ਏਂ ਕਿਉਂ ਕਾਰਨ ਮੈਥੋਂ, ਮੇਰੀ ਇਸ ਮਾਯੂਸੀ ਦਾ,

ਜੀਕਰ ਤੈਨੂੰ ਪਤਾ ਨਹੀਂ ਹੈ, ਫੁੱਲ ਖਿੜਦੇ ਨੂੰ ਕਦੋਂ ਦੁਪਹਿਰੇ।

ਆਣ ਥਲਾਂ ਵਿਚ ਸੱਸੀ ਵਾਕੁਰ, ਕਿਣਕਾ-ਕਿਣਕਾ ਵਿਛ ਗਿਐ,

ਉਹ ਰਾਹੀ ਜੋ ਤਰ ਕੇ ਆਇਆ, ਰਸਤੇ ਵਿਚ ਸਮੁੰਦਰ ਗਹਿਰੇ।

ਕਬਜ਼ੇ ਦੇ ਇਹਸਾਸ ਦੇ ਕਾਰਨ ਭੁੱਲ ਕੇ ਤੈਨੂੰ ਆਖ ਗਿਆ ਸਾਂ,

ਉਂਜ ਤਾਂ ਮੈਨੂੰ ਭੇਤ ਹੈ ਇਸ ਦਾ ਸੂਰਜ ਨਾ ਇਕ ਘਰ ਵਿਚ ਠਹਿਰੇ।